# ਸਰਕਾਰੀ ਆਈ.ਟੀ.ਆਈ ਵਿਖੇ ਵਰਲਡ ਯੂਥ ਸਕਿਲ ਡੇ ਪ੍ਰੋਗਰਾਮ ਦਾ ਆਯੋਜਨ



ਮਾਲੇਰਕੋਟਲਾ • ਢੀਂਡਸਾ

ਸਥਾਨਕ ਸਰਕਾਰੀ ਆਈ.ਟੀ.ਆਈ ਵਿਖੇ ਪ੍ਰਿੰਸੀਪਲ ਇੰਜਨੀਅਰ ਅਵਤਾਰ ਦੀ ਅਗਵਾਈ ਵਿੱਚ ਸੰਸਥਾ ਦੇ ਕੈਂਪਸ ਵਿੱਚ ਵਰਲਡ ਯੂਥ ਸਕਿਲ ਡੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸ੍ਰੀ ਕੁਲਦੀਪ ਜੈਨ ਜੀ.ਐਮ ਅਰਿਹੰਤ ਸਪਿੰਨਿੰਗ ਮਿਲ ਅਤੇ ਸ੍ਰੀ ਇਰਸ਼ਾਦ ਅਹਿਮਦ ਖਾਂ (ਪ੍ਰਿੰਸੀਪਲ/ਡਾਇਰੈਕਟਰ ਹਰਫ ਕਾਲਜ) ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਕੁਲਦੀਪ ਜੈਨ, ਸ੍ਰੀ ਇਰਸ਼ਾਦ ਅਹਿਮਦ ਖਾਂ ਨੇ ਕਿਹਾ ਕਿ ਮਜ਼ਬੂਤ ਸੰਸਥਾ ਵਿੱਚ ਵਾਤਾਵਰਣ ਲਈ ਲਾਭਦਾਇਕ ਅਤੇ ਛਾਂ ਦਾਰ ਬੂਟੇ ਲਗਾਏ ਗਏ। ਇਸ ਦੌਰਾਨ ਸੈਸ਼ਨ 2013-14 ਦੇ ਫਸਟ ਕਲਾਸ ਪਾਸ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਸੰਸਥਾ ਵਲੋਂ ਅਧਿਆਪਕਾਂ ਸ੍ਰੀ ਕਵਲ ਕ੍ਰਿਸ਼ਨ ਅਤੇ ਸ.ਕਮਲਜੀਤ ਸਿੰਘ ਦੀ ਕਾਰਗੁਜਾਰੀ ਲਈ ਸਨਮਾਨਿਤ ਕੀਤਾ ਗਿਆ।